ੴ ਸਤਿਗੁਰ ਪ੍ਰਸਾਦਿ ॥

# ਤਵਾਰੀਖ ਗੁਰੂ ਖਾਲਸਾ

## (ਇਤਿਹਾਸ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ)

ਕ੍ਰਿਤ:

## ਗਿਆਨੀ ਗਿਆਨ ਸਿੰਘ ਜੀ

# TWARIKH GURU KHALSA

## (History of Guru Har Krishan ji)

*By*

## *Giani Gian Singh ji*

***ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ੪੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ***

***Dedicated to 400th Martyrdom Anniversary of***

## Sri Guru Arjan Dev ji

ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)

Made Available by:

Bhai Baljinder Singh ji

© Baljinder Singh 16914 Lassen Street, Northridge, CA 91343 USA

*Visit: www.ik13.com* *Email rarasahib@yahoo.com*

Important Notice:

*This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.*

# ਤਤਕਰਾ

Click a link to access the required page


| | |
|---|---|
| (ਪਾ: ੮ - ੧) | ਕਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਪਾਤਸ਼ਾਹੀ ੮<br>ਜਨਮ, ਗਦੀ, ਰੋਗੀਆਂ ਨੂੰ ਰਾਜ਼ੀ ਕਰਨਾ |
| (ਪਾ: ੮ - ੨) | ਰਾਮਰਾਇ ਦਾ ਉਪੱਦ੍ਰਵ |
| (ਪਾ: ੮ - ੩) | ਦੀਵਾਨ ਪਰਸਰਾਮ ਦਾ ਕੀਰਤਪੁਰ ਆਉਣਾ |
| (ਪਾ: ੮ - ੪) | ਗੁਰੂ ਜੀ ਦਾ ਦਿੱਲੀ ਜਾਣਾ<br>ਪੰਜੋਖਰਾ<br>ਛੱਜੂ ਝੀਵਰ |
| (ਪਾ: ੮ - ੫) | ਰਾਣੀ ਦੀ ਭਾਵਨਾਂ ਭਰਨੀ ਤੇ ਸ਼ਾਹਜ਼ਾਦੇ ਦਾ ਮਿਲਨਾ |
| (ਪਾ: ੮ - ੬) | ਆਪਸ ਵਿੱਚ ਦੋਹਾਂ ਭਾਈਆਂ ਦੇ ਸਰਾਪ ਤੇ ਦੇਹਾਂਤ ਹੋਣਾ |

# ਕਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ (ਪਾ: ੮)

## ਜਨਮ, ਗਦੀ, ਰੋਗੀਆਂ ਨੂੰ ਰਾਜ਼ੀ ਕਰਨਾ

ਏਹ ਗੁਰੂ ੯ ਸੌਣ ਵਦੀ ੧੦ ਸੰਮਤ ੧੭੧੩ ਬਿਕ੍ਰਮੀ ਤੇ ਸਾਲ ੧੮੭ ਗੁਰੂ ਬੁਧਵਾਰ ਪੁਨਰਬਸਾ ਨਛੱਤ੍ਰ ਛੀ ਘੜੀ ਦਿਨ ਚੜੇ ਗੁਰੂ ਹਰਿਰਾਇ ਜੀ ਦੇ ਘਰ ਮਾਤਾ ਕਿਸ਼ਨ ਕੌਰ ਥੀਂ ਕੀਰਤਪੁਰ ਪ੍ਰਗਟ ਹੋਏ ਸਨ। ਪੰਜ ਬਰਸ ੨ ਮਹੀਨੇ ੧੯ ਦਿਨ ਦੀ ਉਮਰ ਵਿੱਚ ੧੦ ਕੱਤਕ ਸੰਮਤ ੧੭੧੮ ਬਿਕ੍ਰਮੀ ਨੂੰ ਕੀਰਤਪੁਰ ਗੱਦੀ ਪਰ ਬੈਠੇ। ਭਾਵੇਂ ਉਮਰ ਵਿੱਚ ਤਾਂ ਛੋਟੇ ਹੀ ਸਨ ਪਰ ਤੇਜ, ਪ੍ਰਤਾਪ, ਧੀਰਜ, ਬਚਨ ਸਿੱਧੀ ਆਤਮਕ ਸ਼ਕਤੀ ਵਿੱਚ ਆਪਣੇ ਵੱਡੇ ਗੁਰੂਆਂ ਤੋਂ ਏਹ ਭੀ ਕਿਸੇ ਪ੍ਰਕਾਰ ਘਟ ਨਹੀਂ ਸਨ। ਮਨਮੋਹਣ ਤੇ ਸੱਚੇ ਬਚਨ ਸਿਆਣੇ ਸੱਤ-ਪੁਰਖਾਂ ਵਰਗੇ ਬੋਲਿਆ ਕਰਦੇ ਅਤੇ ਚੇਸ਼ਟਾ ਭੀ ਸੱਤਪੁਰਖਾਂ ਵਰਗੀ ਕਰਦੇ ਰਹਿੰਦੇ। ਦੇਸ਼ ਦੇਸ਼ਾਂਤ੍ਰਾਂ ਦੇ ਮਸੰਦ ਸੰਗਤਾਂ ਨੂੰ ਲੈ ਕੇ ਗੁਰੂ ਪਾਸ ਆਉਣ ਤੇ ਨਜ਼ਰ ਭੇਟਾ ਦਿਵਾਉਣ ਲੱਗੇ। ਸੰਗਤ ਦੀ ਕਾਮਨਾ ਭੀ ਜਥਾ ਜੋਗ ਗੁਰੂ ਜੀ ਵਲੋਂ ਪੂਰੀ ਹੋਣ ਲੱਗੀ ਕਿਉਂਕਿ ਕਲਪ ਬ੍ਰਿਛ ਤੇ ਚਿੰਤਾਮਣੀ ਭਾਵੇਂ ਕੱਦ ਵਿੱਚ ਛੋਟੇ ਹੀ ਹੋਣ, ਤਾਂ ਭੀ ਬਾਂਛਤ ਫ਼ਲ ਸੇਵਕ ਨੂੰ ਦੇਣ ਵਿੱਚ ਸਮ੍ਰੱਥ ਹੁੰਦੇ ਹਨ। ਸੰਗਤਾਂ ਦੀ ਆਵਾਜਾਈ ਤੇ ਦੀਵਾਨ ਦੋ ਵੇਲੇ ਲਗਣੇ ਕਰ ਬਹੁਤ ਰੌਣਕ ਹਰ ਵੇਲੇ ਰਹਿਣ ਲੱਗੀ ਤੇ ਪਦਾਰਥ ਭੀ ਵੱਡੇ ਗੁਰੂਆਂ ਵਾਂਗੂੰ ਪਿਆ ਆਵੇ।

ਇੱਕ ਦਿਨ ਏਹ ਗੁਰੂ ਸਾਹਿਬ ਪਾਲਕੀ ਵਿੱਚ ਅਸਵਾਰ ਹੋ ਕੇ ਸੈਲ ਕਰਨ ਚੱਲੇ ਤਾਂ ਇੱਕ ਕੁਸ਼ਟੀ ਬ੍ਰਾਹਮਣ ਬਿਪਰਾਂ ਦਾ ਸਿਖਾਇਆ ਹੋਇਆ ਇਨ੍ਹਾਂ ਦੀ ਪਾਲਕੀ ਅੱਗੇ ਆ ਪਿਆ ਅਤੇ ਰੋਣ ਲੱਗਾ। ਗੁਰੂ ਜੀ ਨੇ ਪਾਲਕੀ ਠਹਿਰਾ ਕੇ ਆਪਣੇ ਹੱਥ ਮੂੰਹ ਪੂੰਜਨ ਦਾ ਰਮਾਲ ਦੇ ਕੇ ਆਖਿਆ, "ਪਿੰਡੇ ਉੱਤੇ ਫੇਰਿਆ ਕਰ ਅਰ ਧੋ ਕੇ ਪੀ ਚੰਗਾ ਹੋ ਜਾਵੇਂਗਾ।" ਕੁਦਰਤ ਨੇ ਜਦ ਓਸ ਨੂੰ ਰਾਜ਼ੀ ਕਰ ਦਿੱਤਾ। ਫੇਰ ਤਾਂ ਬੇਅੰਤ ਬੀਮਾਰ ਆਉਣ ਲੱਗ ਪਏ, ਜਿਨ੍ਹਾਂ ਵਿੱਚੋਂ ਪ੍ਰਮੇਸ੍ਵਰ ਦੀ ਕ੍ਰਿਪਾ ਨਾਲ ਅਨੇਕ ਰਾਜ਼ੀ ਹੁੰਦੇ ਰਹੇ। ਏਹ ਬਾਤ ਕੁਛ ਅਸਚਰਜ ਨਹੀਂ ਕਿਉਂਕਿ ਸੱਤਪੁਰਖਾਂ ਦੇ ਬਚਨ ਵਿੱਚ ਭੀ ਸੱਤਾ ਹੁੰਦੀ ਹੈ ਤੇ ਦਵਾਈਆਂ ਭੀ ਵੱਡੇ ਘਰਾਂ ਵਿੱਚ ਏਹੋ ਜੇਹੀਆਂ ਬਣੀਆਂ ਰਹਿੰਦੀਆਂ ਹਨ, ਜਿਸ ਕਰ ਕੇ ਏਨ੍ਹਾਂ ਦੀ ਕੀਰਤੀ ਰੂਪੀ ਸੁਗੰਧੀ ਸਾਰੇ ਦੇਸ ਵਿੱਚ ਫੈਲ ਗਈ। ਜਿਸ ਥੀਂ ਪਹਾੜੀ ਰਾਜੇ ਭੀ ਦੀਪਚੰਦ ਕਹਿਲੂਰੀ ਆਦਿਕ ਸਭ ਦਰਸ਼ਨ ਨੂੰ ਆਉਣ ਲੱਗ ਪਏ।

## ਰਾਮਰਾਇ ਦਾ ਉਪੱਦ੍ਰਵ

ਗੁਰੂ ਹਰਿਕ੍ਰਿਸ਼ਨ ਜੀ ਦੀ ਮਹਿਮਾ ਸੁਣ ਕੇ ਰਾਮਰਾਇ ਜੋ ਏਨ੍ਹਾਂ ਦਾ ਦਿਲੋਂ ਦੁਸ਼ਮਨ ਤੇ ਆਪ ਨੂੰ ਵੱਡਾ ਕਰਾਮਾਤੀ ਸਦਾਉਂਦਾ ਸੀ, ਮਤਸਰ ਦੀ ਅੱਗ ਵਿੱਚ ਸੜ ਬਲ ਕੇ ਕੋਲੇ ਹੋ ਗਿਆ। ਬਲਕਿ ਔਰੰਗਜ਼ੇਬ ਨਾਲ ਓਸ ਦੀ ਭਲਿਆਈ ਬਣੀ ਹੋਈ ਦੇਖ ਕੇ ਧੀਰਮੱਲ ਆਦਿਕ ਸੋਢੀ ਤੇ ਕਈ ਮਸੰਦ ਭੀ ਓਸ ਦੇ ਸੱਜਨ ਤੇ ਗੁਰੂ ਜੀ ਦੇ ਵਿਰੋਧੀ ਬਣ ਰਹੇ ਸਨ। ਯੱਦਪਿ ਰਾਮਰਾਇ, ਧੀਰਮਲ ਨੇ ਦੇਸਾਂ ਦੇਸ਼ਾਂਤ੍ਰਾਂ ਵਿੱਚ ਆਪਣੇ ਆਦਮੀ ਭੇਜ ਕਰ ਹੋਰ ਭੀ ਅਨੇਕ ਮਸੰਦ ਆਪਣੇ ਧੜੇ ਚਾੜ੍ਹ ਲੀਤੇ ਪਰ ਗੁਰੂ ਕੇ ਸਿੱਖਾਂ ਨੇ ਓਨ੍ਹਾਂ ਦਾ ਕਹਿਣਾ ਜ਼ਰਾ ਨਾ ਮੰਨਿਆ। ਏਹੋ ਹਠ ਰੱਖਿਆ ਕਿ ਜਿਸ ਨੂੰ ਗੁਰੂ ਸਾਹਿਬ ਗੱਦੀ ਉੱਤੇ ਬਿਠਾ ਗਏ, ਅਸੀਂ ਤਾਂ ਓਸੇ ਨੂੰ ਮੰਨਾਂਗੇ। ਜਦ ਸਿੱਖਾਂ ਉੱਤੇ ਰਾਮਰਾਇ ਦਾ ਕੋਈ ਜ਼ੋਰ ਤੇ ਮੰਤ੍ਰ ਨਾ ਚਲਿਆ, ਤਾਂ ਔਰੰਗੇ ਪਾਸ ਆਪਣਾ ਸਾਰਾ ਹਾਲ ਪ੍ਰਗਟ ਕਰ ਕੇ ਵੱਡੇ ਤਰੱਦਦ ਨਾਲ ਲੋਕਾਂ ਪਾਸੋਂ ਏਹ ਕਹਾਇਆ ਕਿ ਇੱਕ ਵਾਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਬੁਲਾ ਕੇ ਦੇਖਿਆ ਜਾਵੇ ਕਿ ਓਹ ਗੁਰੂ ਘਰ ਦੇ ਕਾਰਬਾਰ ਨੂੰ ਸੰਭਾਲ ਸਕਦਾ ਹੈ ਯਾ ਨਹੀਂ। ਐਸਾ ਨਾ ਹੋਵੇ ਜੋ ਗੁਰੂ ਨਾਨਕ ਜੀ ਦਾ ਘਰ ਜੋ ਬਾਦਸ਼ਾਹਾਂ ਜਿਹਾ ਹੈ; ਜਿਨ੍ਹਾਂ ਦੇ ਖ਼ਜਾਨੇ ਵਿੱਚ ਵੱਡੇ ਵੱਡੇ ਕੀਮਤੀ ਪਦਾਰਥ ਹਨ, ਸਭ ਲਪਚੱਕਣੇ ਲੋਕ ਲੁੱਟ ਕੇ ਲੈ ਜਾਣ। ਭਾਵੇਂ ਬਾਦਸ਼ਾਹ ਨੇ ਰਾਮਰਾਇ ਨੂੰ ਬਹੁਤ ਸਮਝਾਇਆ ਕਿ ਆਪਣੇ ਘਰ ਵਿੱਚ ਵਿਰੋਧ ਕਰਨਾ ਤੇ ਬਿਬਾਦ ਵਧਾਉਣਾ ਚੰਗਾ ਨਹੀਂ। ਜੇ ਤੈਨੂੰ ਦੌਲਤ ਦੀ ਲੋੜ ਹੈ ਤੇ ਮੈਥੋਂ ਲੈ। ਜਿੱਥੇ ਆਖੇਂ, ਓਥੇ ਮਕਾਨ ਚੰਗੇ ਬਣਵਾ ਕੇ ਜਾਗੀਰ ਲਾ ਦੇਵਾਂਗਾ ਤੇ ਸਿੱਖੀ ਸੇਵਕੀ ਤੂੰ ਆਪਣੀ ਬਰਕਤ ਨਾਲ ਕਰ ਸਕਦਾ ਹੈਂ। ਫੇਰ ਤੂੰ ਕਿਉਂ ਓਸ ਬਾਲਕ ਗੁਰੂ ਨਾਲ ਵਿਰੋਧ ਚੁੱਕਦਾ ਹੈਂ? ਓਹ ਬੀ ਤੇਰਾ ਭਾਈ ਹੈ। ਨਾਲੇ ਵਾਦ ਵਿਰੋਧ ਕਰਨ ਵਾਲੇ ਫ਼ਕੀਰਾਂ ਪੀਰਾਂ ਦੀ ਮਾਨਤਾ ਇੱਜ਼ਤ ਨਹੀਂ ਰਹਿੰਦੀ। ਜੇ ਤੈਨੂੰ ਅਜ਼ਮਤ ਦਾ ਹੰਕਾਰ ਹੈ ਤਾਂ ਜਿਸ ਦਰਿਆ ਵਿੱਚੋਂ ਤੈਨੂੰ ਇੱਕ ਨਹਿਰ ਲੱਭੀ ਹੈ, ਓਹ ਦਰਿਆ ਸਾਰਾ ਵੱਡੇ ਗੁਰੂ ਓਸ ਨੂੰ ਬਖ਼ਸ਼ ਗਏ ਹਨ। ਤੈਨੂੰ ਆਪਣੇ ਪਿਤਾ ਦਾ ਹੁਕਮ ਮੰਨਣਾ ਜੋਗ ਹੈ। ਜ਼ੁਲਮ, ਜ਼ੋਰ, ਅਨਯਾਇ ਕਰਨਾ ਚੰਗਾ ਨਹੀਂ।" ਭਾਵੇਂ ਉਸ ਨੂੰ ਸਿਆਣੇ ਲੋਕਾਂ ਨੇ ਬਹੁਤ ਸਮਝਾਇਆ, ਪਰ ਓਸ ਨੂੰ ਅਜੇਹੇ ਸਲਾਹੀਏ ਸ਼ਰੀਕ ਭਾਈ ਤੇ ਮੀਣੇਂ ਮਸੰਦ ਮਿਲੇ, ਕਿ ਹਠ ਨਾ ਹੀ ਛੱਡਿਆ। ਓਨ੍ਹਾਂ ਦੇ ਚੁੱਕੇ ਹੋਏ ਨੇ ਓੜਕ ਔਰੰਗੇ ਤੋਂ ਗੁਰੂ ਹਰਕ੍ਰਿਸ਼ਨ ਜੀ ਨੂੰ ਦਿੱਲੀ ਬੁਲਾਏ ਜਾਣ ਦਾ ਹੁਕਮ ਲਿਖਵਾ ਹੀ ਦਿੱਤਾ।

## ਦੀਵਾਨ ਪਰਸਰਾਮ ਦਾ ਕੀਰਤਪੁਰ ਆਉਣਾ

ਬਾਦਸ਼ਾਹ ਦਾ ਹੁਕਮ ਸੁਣ ਕੇ ਗੁਰੂ ਜੀ ਦੇ ਸੇਵਕ ਦੀਵਾਨ ਬਿਸ਼ੰਭਰ ਦਾਸ ਨਾਮੀਂ ਤੇ ਸ਼ਿਵਦਿਆਲ ਦਿਲਵਾਲੀ ਨੇ ਅਰਜ਼ ਕੀਤੀ ਕਿ ਗੁਰੂ ਕਿਆਂ ਨੂੰ ਲੈਣ ਵਾਸਤੇ ਕਿਸੇ ਹਿੰਦੂ ਨੂੰ ਭੇਜਣਾ ਚਾਹੀਏ। ਓਸ ਵੇਲੇ ਔਰੰਗੇ ਪਾਸ ਜੈ ਸਿੰਘ ਰਾਜਾ ਜੈਪੁਰੀਆ ਸੀ ਓਸ ਨੂੰ ਹੁਕਮ ਹੋਯਾ। ਓਨ ਆਪਣੇ ਦੀਵਾਨ ਪਰਸਰਾਮ ਨੂੰ ਪੰਜਾਹ ਅਸਵਾਰ, ਇੱਕ ਰੱਥ, ਇੱਕ ਪਾਲਕੀ ਗੁਰੂ ਜੀ ਦੀ ਅਸਵਾਰੀ ਵਾਸਤੇ ਦੇ ਕੇ ਘੱਲਿਆ। ਜਾਂ ਓਹ ਕੀਰਤਪੁਰ ਪਹੁੰਚਾ ਤਾਂ ਗੁਰੂ ਕੇ ਲੰਗਰ ਦਾ ਵਰਤਨਾ, ਸੰਗਤਾਂ ਦੀ ਸ਼ਰਧਾ ਤੇ ਰੌਣਕ ਦੇਖ ਕੇ ਬਹੁਤ ਰਾਜ਼ੀ ਹੋਇਆ। ਮਾਤਾ ਕ੍ਰਿਸ਼ਨ ਕੌਰ ਨੇ ਭਾਈ ਪੰਜਾਬ ਮਸੰਦ ਨੂੰ ਭੇਜ ਕੇ ਵੱਡੇ ਆਦਰ ਨਾਲ ਦੀਵਾਨ ਦਾ ਡੇਰਾ ਕਰਾਇਆ। ਰਸਦ ਆਦਿਕ ਸਭ ਚੀਜ਼ ਪੁਚਾਈ। ਅਗਲੇ ਦਿਨ ਦੀਵਾਨ ਵੱਡੀ ਸਜ ਧਜ ਦਾ ਲਵਾ ਕੇ ਤੇ ਗੁਰੂ ਜੀ ਨੂੰ ਸਿੰਘਾਸਨ ਉੱਤੇ ਬੈਠਾ ਕਰ ਪਰਸਰਾਮ ਨੂੰ ਬੁਲਾ ਭੇਜਿਆ। ਓਸ ਨੇ ਰਾਜੇ ਜੈ ਸਿੰਘ ਵੱਲੋਂ ਜੋ ਨਜ਼ਰ ਭੇਟਾ ਗੁਰੂ ਜੀ ਵਾਸਤੇ ਲਿਆਂਦੀ ਸੀ, ਗੁਰੂ ਜੀ ਦੇ ਅੱਗੇ ਰੱਖ ਕੇ ਮੱਥਾ ਟੇਕਿਆ। ਗੁਰੂ ਜੀ ਨੇ ਅਸੀਸ ਦਿੱਤੀ। ਗੁਰੂ ਸਾਹਿਬ ਜੀ ਦੇ ਜਿਗਾ, ਕਲਗੀ, ਭਵੱਟੇ ਮੋਤੀਆਂ ਦੀ ਮਾਲਾ, ਜੜਾਊ ਕੰਙਣ ਆਦਿਕ ਗਹਿਣੇ ਪਏ ਹੋਏ ਉੱਪਰ ਚੌਰ ਝੁਲਦਾ ਤੇ ਇੱਕ ਪਾਸੇ ਸਨਧਬੱਧ ਗੁਰੂ ਕੇ ਜੋਧੇ, ਦੂਜੇ ਪਾਸੇ ਵੱਡੇ ਵੱਡੇ ਕੱਦਾਂ ਵਾਲੇ ਸਜੇ ਵਜੇ ਮਸੰਦ ਤੇ ਸੇਵਕ ਬੈਠੇ ਦੇਖ ਕੇ ਬਹੁਤ ਖ਼ੁਸ਼ੀ ਹੋਯਾ। ਮੇਵੜੇ ਨੇ ਅਰਦਾਸ ਕੀਤੀ, ਦੀਵਾਨ ਨੇ ਮੁਰਾਸਲਾ ਸ਼ੌਕਨਾਮਾ ਔਰੰਗੇ ਦਾ ਗੁਰੂ ਜੀ ਅੱਗੇ ਰਖਿਆ। ਗੁਰੂ ਜੀ ਦੇ ਮੁਨਸ਼ੀ ਭਾਈ ਸੰਗਤੀਏ ਨੇ ਪੜ੍ਹ ਕੇ ਸੁਣਾਇਆ ਜਿਸ ਦਾ ਸਾਰ ਏਹ ਸੀ ਕਿ ਆਪ ਦੇ ਵੱਡੇ ਭਾਈ ਰਾਮਰਾਇ ਦੇ ਹਠ ਕਰਨੇ ਪਰ ਆਪ ਨੂੰ ਤਕਲੀਫ਼ ਦੇਂਦਾ ਹਾਂ। ਕ੍ਰਿਪਾ ਕਰ ਕੇ ਦਿੱਲੀ ਆ ਕੇ ਦਰਸ਼ਨ ਦਿਓ, ਸੰਗਤਾਂ ਨੂੰ ਨਿਹਾਲ ਕਰੋ। ਗੁਰੂ ਸਾਹਿਬ ਜੀ ਰਤੀ ਨਾ ਸੰਗੇ। ਓਸੇ ਘੜੀ ਤਿਆਰੀ ਦਾ ਹੁਕਮ ਦੇ ਦਿੱਤਾ।

## ਗੁਰੂ ਜੀ ਦਾ ਦਿੱਲੀ ਜਾਣਾ

ਮਾਤਾ ਕ੍ਰਿਸ਼ਨ ਕੌਰ ਨੇ ਸਿਆਣੇ ਸਿਆਣੇ ਮਸੰਦ ਤੇ ਸੰਬੰਧੀ ਬੈਠਾ ਕੇ ਪੁੱਛਿਆ ਤਾਂ ਸਭ ਨੇ ਏਹੋ ਸਲਾਹ ਦਿੱਤੀ ਕਿ ਔਰੰਗਾ ਤਾਂ ਆਪ ਹੀ ਬਹੁਤ ਵਾਦੀ ਹੈ, ਫੇਰ ਉਸ ਨੂੰ ਸੀਖਣ ਵਾਲਾ ਰਾਮਰਾਇ ਭੀ ਓਥੇ ਹੈ। ਜੇਕਰ ਹੁਣ ਨਾ ਜਾਓਗੇ ਤਾਂ ਫੇਰ ਫ਼ੌਜ ਆਊ। ਤਾਂ ਤੇ ਹੁਣੇ ਜਾਣਾ ਚੰਗਾ ਹੈ। ਨਾਲੇ ਰਾਜੇ ਜੈ ਸਿੰਘ ਦਾ ਵਿੱਚ ਪੈਰ ਹੈ। ਗੁਰੂ ਸਾਹਿਬ ਜੀ ਆਪਣੇ ਘਰ ਦਾ ਸਾਰਾ ਵਿਹਾਰ ਤੇ ਲੰਗਰ ਦੀ ਕਾਰ ਆਪਣੇ ਮਾਤਬਰ ਭਾਈ ਭਗਤੇ ਆਦਿਕ ਮਸੰਦਾਂ ਨੂੰ ਸੌਂਪ ਕੇ ਭਾਈ ਸੰਤਰਾਮ ਤੇ ਭਾਈ ਗੁਰਬਖ਼ਸ਼, ਪੰਜਾਬ ਮਸੰਦ, ਮੁਨਸ਼ੀ ਸੰਗਤੀਆ, ਦੀਵਾਨ ਸਤੀਰਾਮ ਆਦਿਕਾਂ ਨੂੰ ਨਾਲ ਲੈ ਕੇ ਬਸੰਤ ਪੰਚਮੀ ਕਰ ਕੇ ਸੰਨ ੧੭੨੦ ਬਿਕ੍ਰਮੀ ਕੀਰਤਪੁਰੋਂ ਅਜੇਹੀ ਸਾਇਤ ਤੁਰੇ, ਜੋ ਮੁੜ ਓਥੇ ਨਾ ਆਏ। ਗੱਡੀਆਂ ਵਿੱਚ ਸਮਾਨ ਪਾ ਕੇ ਰਥ, ਡੋਲੇ, ਪਾਲਕੀਆਂ ਵਿੱਚ ਸਵਾਰ ਹੋ ਪੰਜਾਹ ਕੁ ਸਵਾਰ ਪਿਆਦੇ ਨਾਲ ਲੈ ਲੀਤੇ। ਜਿਸ ਵੇਲੇ ਤੁਰੇ, ਤਾਂ ਇੱਕ ਸੂਰਜ ਮਲ ਦੇ ਟੱਬਰ ਤੋਂ ਬਿਨਾਂ ਹੋਰ ਸਭ ਨਗਰ ਨਿਵਾਸੀ, ਸੇਵਕ, ਸਿੱਖ, ਸ੍ਰੀ ਰਾਮਚੰਦ੍ਰ ਜੀ ਦੇ ਬਨ ਜਾਣ ਸਮੇਂ ਅਜੁੱਧਯਾ ਵਾਸੀਆਂ ਵਾਂਗੂੰ ਨਾਲ ਤੁਰੇ। ਵੱਡੇ ਜਤਨ ਨਾਲ ਧੀਰ ਦਿਲਾਸਾ ਦੇ ਕੇ ਦੂਸਰੀ ਮੰਜਲੋਂ ਓਨ੍ਹਾਂ ਨੂੰ ਜਦ ਮੋੜਿਆ ਤਾਂ ਓਹ ਹੰਝੂ ਵਹਾਉਂਦੇ ਮੁੜ ਪਏ। ਪਰ ਓਦੂੰ ਸਵਾਏ ਸੁਣ ਸੁਣ ਕੇ ਹੋਰ ਸਿੱਖ ਆ ਮਿਲੇ। ਏਸੇ ਪ੍ਰਕਾਰ ਜਿਤਨਿਆਂ ਨੂੰ ਮੋੜਨ, ਉਤਨੇ ਹੀ ਹੋਰ ਆ ਜਾਣ। ਓੜਕ ਅੰਬਾਲੇ ਦੇ ਪ੍ਰਗਣੇ {ਪੰਜੋਖਰਾ} ਪੰਜੋਖਰੇ ਪਿੰਡ ਜਾ ਕਰ ਗੁਰੂ ਸਾਹਿਬ ਜੀ ਨੇ ਇੱਕ ਰੇਤੇ ਦਾ ਢੇਰ ਲਾ ਕੇ ਉੱਤੇ ਝੰਡੀ ਗੱਡੀ ਅਰ ਹੁਕਮ ਦਿੱਤਾ ਕਿ ਏਦੂੰ ਅੱਗੇ ਜੋ ਕੋਈ ਸਾਡੇ ਪਿੱਛੇ ਆਵੇਗਾ, ਓਹ ਗੁਰਸਿੱਖੀ ਤੋਂ ਜਾਵੇਗਾ। ਸੋ ਜਿਸ ਨੇ ਸਾਡਾ ਦਰਸ਼ਨ ਕਰਨਾ ਹੈ ਤੇ ਆਪਣਾ ਮਨੋਰਥ ਸਿੱਧ ਕਰਨਾ ਹੈ ਅਰ ਸਾਡੀ ਖ਼ੁਸ਼ੀ ਲੈਣੀ ਹੈ, ਓਹ ਏਦੂੰ ਅੱਗੇ ਨਾ ਆਵੇ। ਏਸੇ ਥੜੇ ਦਾ ਦਰਸ਼ਨ ਕਰ ਕਾਰ ਭੇਟ ਅਰਪਨ ਕਰੇ, ਗੁਰੂ ਕੇ ਘਰ ਅਰਪਨ ਹੋਵੇਗੀ। ਭਾਵੇਂ ਸਿੱਖ ਤਾਂ ਨਾਲ ਹੀ ਜਾਣਾ ਚਾਹੁੰਦੇ ਸਨ, ਪਰ ਗੁਰੂ ਕਾ ਬਚਨ ਉਲੰਘ ਨਾ ਸਕੇ। ਓਸੇ ਥਾਂ ਖੜੇ ਹੋ ਰਹੇ। ਜਿੱਥੋਂ ਤੱਕ ਗੁਰੂ ਜੀ ਦੀ ਅਸਵਾਰੀ ਦਿਸਦੀ ਰਹੀ ਨੇਤ੍ਰਾਂ ਥੀ ਜਲ ਡੇਗਦੇ ਹੋਏ ਬਿਆਕੁਲ ਮਨ ਦੇਖਦੇ ਰਹੇ। ਫੇਰ ਓਸ ਥੜੇ ਨੂੰ ਮੱਥਾ ਟੇਕ ਕੇ ਮੁੜ ਪਏ। ਮਾਤਾ ਸਾਹਿਬ ਨੇ ਥਨੇਸਰ ਸ਼ੈਹਰ, ਕੁਰਖੇਤਰ ਤੀਰਥ ਨੂੰ ਰਥ ਵਿੱਚੋਂ ਉੱਤਰ ਕੇ ਦੇਖਿਆ ਚਾਖਿਆ। ਗੁਰੂ ਕਾ ਡੇਰਾ ਦੇਖ ਕੇ ਅਤੇ ਨਾਉਂ ਸੁਣ ਕੇ ਓਥੋਂ ਦਾ ਇੱਕ ਪੰਡਤ ਲਾਲ ਜੀ ਨਾਮੀ ਸਿੱਖਾਂ ਨੂੰ ਆਖਣ ਲਗਾ, "ਕ੍ਰਿਸ਼ਨ ਜੀ ਨੇ ਗੀਤਾ ਬਣਾਈ ਹੈ, ਤੁਸੀਂ ਏਨ੍ਹਾਂ ਨੂੰ ਓਦੂੰ ਵੱਡੇ ਨਾਮ ਵਾਲੇ ਹਰਿ ਕ੍ਰਿਸ਼ਨ ਅਵਤਾਰ ਸੁਣਾਉਂਦੇ ਹੋ। ਜੇ ਗੀਤਾ ਦੇ ਅਰਥ ਕਰ ਦੇਣ, ਤਾਂ ਅਸੀਂ ਸੱਚੇ ਸ੍ਰੀ ਹਰਿਕ੍ਰਿਸ਼ਨ ਜੀ ਮੰਨਾਂਗੇ।" ਸਿੱਖਾਂ ਤੋਂ ਇਹ ਗੱਲ ਸੁਣ ਕੇ ਗੁਰੂ ਜੀ ਨੇ ਓਸ ਬਿਪਰ ਨੂੰ ਬੁਲਾ ਕੇ ਆਖਿਆ, "ਜੇ ਅਸੀਂ ਗੀਤਾ ਦੇ ਅਰਥ ਸੁਣਾਏ, ਤਾਂ ਤੂੰ ਆਖੇਂਗਾ ਭਾਗਵਾਨ ਦੇ ਪੁੱਤ੍ਰ ਹਨ। ਕਿਸੇ ਪੰਡਤ ਦੇ ਸਿਖਾਏ ਹੋਏ ਅਰਥ ਪਾਠ ਕਰਦੇ ਹਨ। ਤੂੰ ਕੋਈ ਆਪਣੇ ਪਿੰਡ ਵਿੱਚੋਂ ਅਨਪੜ੍ਹ ਆਦਮੀ ਲੈ ਆ। ਅਸੀਂ ਓਸ ਤੋਂ ਅਰਥ ਕਰਾ ਦੇਵਾਂਗੇ।" ਪੰਡਿਤ ਜਾ ਕੇ ਇੱਕ ਬੋਲੇ ਗੁੰਗੇ ਝੀਊਰ ਦੇ ਮੁੰਡੇ {ਛੱਜੂ ਝੀਵਰ} ਛੱਜੂ ਨਾਮ ਵਾਲੇ ਨੂੰ ਲੈ ਆਯਾ। ਗੁਰੂ ਜੀ ਨੇ ਆਪਣੀ ਆਤਮਕ ਸ਼ਕਤੀ ਓਸ ਨੂੰ ਦੇ ਕਰ ਸਾਰੀ ਗੀਤਾ ਦਾ ਪਾਠ ਤੇ ਅਰਥ ਕਰਾ ਦਿੱਤੇ। ਫੇਰ ਤਾਂ ਪੰਡਿਤ ਗੁਰੂ ਕੇ ਦਾਸ ਬਣ ਗਏ। ਏਹ ਬਾਤ ਕੋਈ ਅਨੋਖੀ ਨਹੀਂ। ਗੁਰੂ ਨਾਨਕ ਸਾਹਿਬ ਜੀ ਦੇ ਏਹੋ ਜੇਹੇ ਅਨੇਕ ਪ੍ਰਸੰਗ ਆਪ ਨੇ ਪਿੱਛੇ ਪੜ੍ਹੇ ਹਨ ਸ਼ਾਸਤ੍ਰਾਂ ਵਿੱਚ ਲਿਖਿਆ ਹੈ ਕਿ ਜੋਗੀ ਰਾਜ ਨੂੰ ਭੀ ਏਹੋ ਜੇਹੀਆਂ ਸਿੱਧੀਆਂ ਪ੍ਰਾਪਤ ਹੁੰਦੀਆਂ ਹਨ। ਥਨੇਸਰ ਤੋਂ ਚੱਲ ਕੇ ਗੁਰੂ ਸਾਹਿਬ ਜੀ ਸਨੇ ਸਾਰੇ ਦਿੱਲੀ ਰਾਜੇ ਜੈ ਸਿੰਘ ਦੇ ਮਹਿਲਾਂ ਵਿੱਚ ਜਾ ਉੱਤਰੇ।

## ਰਾਣੀ ਦੀ ਭਾਵਨਾਂ ਭਰਨੀ ਤੇ ਸ਼ਾਹਜ਼ਾਦੇ ਦਾ ਮਿਲਨਾ

ਰਾਜੇ ਜੈ ਸਿੰਘ ਨੇ ਬਾਦਸ਼ਾਹ ਪਾਸ ਗੁਰੂ ਜੀ ਦੇ ਆਉਣ ਦੀ ਖ਼ਬਰ ਦਿੱਤੀ ਤਾਂ ਔਰੰਗੇ ਨੇ ਹਰਿਗੋਬਿੰਦ ਜੀ ਦੇ ਸਰਿਸ਼ਤੇ ਅਨੁਸਾਰ ਢਾਈ ਸੌ ਰਸਤ, ਪੰਜ ਸੌ ਰੋਕ ਰੋਜ਼ ਦਾ ਬਸਤਾ ਬੰਨ੍ਹ ਕਰ ਹੁਕਮ ਦਿੱਤਾ ਕਿ ਕਿਸੇ ਵੇਲੇ ਦਰਬਾਰ ਵਿੱਚ ਬੁਲਾ ਕੇ ਦਰਸ਼ਨ ਕਰਾਂਗੇ। ਜਦ ਏਹੋ ਬਾਤ ਰਾਜੇ ਜੈ ਸਿੰਘ ਨੇ ਗੁਰੂ ਜੀ ਨੂੰ ਸੁਣਾਈ ਤਾਂ ਬਚਨ ਹੋਯਾ, "ਅਸੀਂ ਔਰੰਗੇ ਨੂੰ ਦੇਖਣਾ ਦਿਖਾਉਣਾ ਨਹੀਂ। ਬਾਕੀ ਜੋ ਕੁਛ ਓਸ ਨੇ ਭੇਜਿਆ ਹੈ ਏਸ ਦਾ ਲੰਗਰ ਲਾ ਛੱਡੋ। ਜੋ ਆਵੇ ਛਕ ਜਾਵੇ।" ਗੁਰੂ ਸਾਹਿਬ ਦੀ ਮਰਜ਼ੀ ਅਨੁਸਾਰ ਰਾਜੇ ਨੇ ਆਪਣੇ ਇੱਕ ਮਕਾਨ ਵਿੱਚ ਲੰਗਰ ਜਾਰੀ ਕਰ ਕੇ ਸ਼ੈਹਰ ਵਿੱਚ ਏਹ ਢੰਡੋਰਾ ਫੇਰ ਦਿੱਤਾ ਕਿ ਲੋੜਵੰਦ, ਗੁਰੂ ਹਰਿਕ੍ਰਿਸ਼ਨ ਜੀ ਦੇ ਲੰਗਰੋਂ ਆ ਕੇ ਪ੍ਰਸ਼ਾਦ ਛਕੇ।

ਇੱਕ ਦਿਨ ਰਾਜੇ ਜੈ ਸਿੰਘ ਦੀ ਪਟਰਾਣੀ ਨੇ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਨੇ ਚਾਹੇ ਤਾਂ ਰਾਜਾ ਮੈਹਲਾਂ ਵਿੱਚ ਗੁਰੂ ਸਾਹਿਬ ਜੀ ਨੂੰ ਲੈ ਗਿਆ। ਅੱਗੇ ਪਟਰਾਣੀ ਨੇ ਗੁਰੂ ਜੀ ਦੇ ਪਰਖਣ ਵਾਸਤੇ ਹੋਰ ਸਭਨਾਂ ਰਾਣੀਆਂ ਤੇ ਟਹਿਲਣਾਂ ਨੂੰ ਚੰਗੇ ਚੰਗੇ ਗਹਿਣੇ ਕਪੜੇ ਪਵਾਏ ਤੇ ਆਪ ਸਾਦੇ ਜੇਹੇ ਬਸਤ੍ਰਾਂ ਨਾਲ ਬੈਠ ਰਹੀ। ਗੁਰੂ ਸਾਹਿਬ ਜੀ ਰਾਜੇ ਨਾਲ ਗੱਲਾਂ ਕਰਦੇ ਹੋਏ ਤੇ ਮਹਿਲਾਂ ਵਿੱਚ ਅਨੰਤ ਪ੍ਰਕਾਰ ਦੀਆਂ ਮੂਰਤਾਂ ਦੇਖਦੇ ਦੇਖਦੇ ਜਦ ਰਾਣੀਆਂ ਪਾਸ ਗਏ ਤਾਂ ਹੱਥ ਵਿੱਚ ਫ਼ੁੱਲਾਂ ਦੀ ਛਟੀ ਸੀ। ਸਭ ਦੇ ਸਿਰ ਉੱਤੇ ਰੱਖ ਰਖ ਕਰ, "ਏਹ ਭੀ ਨਹੀਂ, ਏਹ ਭੀ ਨਹੀਂ" ਬੋਲਦੇ ਗਏ। ਅੰਤ ਨੂੰ ਪਟਰਾਣੀ ਦੀ ਗੋਦ ਵਿੱਚ ਜਾ ਬੈਠੇ, ਜਿਸ ਥੀਂ ਓਸ ਨੇ ਬਹੁਤ ਖ਼ੁਸ਼ੀ ਹੋ ਕੇ ਮੋਤੀਆਂ ਦਾ ਕੰਠਾ ਗੁਰੂ ਜੀ ਦੇ ਅਰਪਣ ਕੀਤਾ ਤੇ ਹੋਰ ਰਾਣੀਆਂ ਨੇ ਭੀ ਯਥਾ ਯੋਗ ਪੂਜਾ ਕੀਤੀ ਤੇ ਗੁਰੂ ਸਾਹਿਬ ਜੀ ਦੇ ਚਰਨ ਧੋ ਕੇ ਚਰਨਾਂਮ੍ਰਿਤ ਅਰ ਸੱਤਨਾਮ ਦਾ ਮੰਤ੍ਰ ਲੀਤਾ। ਅਨੇਕ ਪ੍ਰਕਾਰ ਦੇ ਭੋਜਨ ਛਕਾਏ। ਰਾਜੇ ਦੇ ਪਹਿਲੇ ਕੋਈ ਉਲਾਦ ਨਹੀਂ ਸੀ। ਗੁਰੂ ਜੀ ਦੀ ਕ੍ਰਿਪਾ ਨਾਲ ਪਟਰਾਣੀ ਵਿੱਚੋਂ ਪੁੱਤ੍ਰ ਪੈਦਾ ਹੋਇਆ। ਦੂਜੇ ਦਿਨ ਰਾਜੇ ਜੈ ਸਿੰਘ ਨੇ ਬਾਦਸ਼ਾਹ ਪਾਸ ਜਾ ਕੇ ਗੁਰੂ ਸਾਹਿਬ ਜੀ ਦੀ ਬਹੁਤ ਮਹਿਮਾ ਬਰਣਨ ਕੀਤੀ। ਔਰੰਗਜ਼ੇਬ ਨੇ ਆਪਣੇ ਸ਼ਾਹਜ਼ਾਦੇ ਮੁਅੱਜ਼ਮਸ਼ਾਹ ਨੂੰ; ਜੋ ਫੇਰ ਬਹਾਦਰ ਸ਼ਾਹ ਸਦਾਇਆ ਹੈ, ਦੋ ਚਾਰ ਮੁਸਾਹਬ ਤੇ ਖਿਲਤ ਦੇ ਕੇ ਗੁਰੂ ਸਾਹਿਬ ਜੀ ਪਾਸ ਭੇਜਿਆ ਜੋ ਦਰਸ਼ਨ ਕਰ ਕੇ ਬਹੁਤ ਖ਼ੁਸ਼ੀ ਹੋਇਆ। ਗੁਰੂ ਜੀ ਨੇ ਓਸ ਖਿਲਅਤ ਵਿੱਚੋਂ ਇੱਕ ਸੇਲੀ ਗੁਰੂ ਨਾਨਕ ਜੀ ਦੀ ਚੀਜ਼ ਜਾਣਗੇ ਉਠਾ ਕਰ ਗਲ ਪਾ ਲੀਤੀ। ਹੋਰ ਕੁਛ ਨਾ ਛੇੜਿਆ। ਮੁਸਾਹਬ ਏਹ ਅੰਤ੍ਰਿਜਾਮਤਾ ਦੇਖ ਕਰ ਅਸਚਰਜ ਰਹਿ ਗਏ ਕਿਉਂਕਿ ਏਹੋ ਬਾਤ ਮਿਥ ਕੇ ਔਰੰਗੇ ਖਿਲਤ ਭੇਜਿਆ ਸੀ। ਫੇਰ ਮੁਸਾਹਬ ਤਾਂ ਗੁਰੂ ਕੇ ਮੁਸਾਹਬਾਂ ਨਾਲ ਬਾਤਾਂ ਕਰਦੇ ਰਹੇ ਤੇ ਗੁਰੂ ਸਾਹਿਬ ਜੀ ਤੇ ਸ਼ਾਹਜ਼ਾਦਾ ਜੋ ਹਾਣੀ ਸੇ, ਜੈ ਸਿੰਘ ਦੇ ਬਗ਼ੀਚੇ ਵਿੱਚ ਖੇਡਣ ਜਾ ਲੱਗੇ। ਮੁਅੱਜ਼ਮਸ਼ਾਹ ਗੁਰੂ ਜੀ ਦੇ ਚਮਤਕਾਰੇ ਦੇਖ ਕੇ ਅਤੇ ਫ਼ਲ ਮੇਵੇ ਜੋ ਇਸ ਦੇਸ ਵਿੱਚ ਕਦੇ ਨਹੀਂ ਹੋਏ ਸੇ, ਬਗ਼ੀਚੇ ਦੇ ਬੂਟਿਆਂ ਨਾਲੋਂ ਤੋੜ ਤੋੜ ਛੱਕ ਕੇ ਅਸਚਰਜ ਹੋ ਰਿਹਾ। ਜਦ ਔਰੰਗੇ ਪਾਸ ਜਾ ਕੇ ਸਾਰੀ ਗੱਲ ਕੀਤੀ ਤਾਂ ਓਨ ਗੁਰੂ ਜੀ ਨੂੰ ਸਰਬ ਸ਼ਕਤੀਵਾਨ ਜਾਣ ਲੀਤਾ। ਦੂਜੇ ਦਿਨ ਸ਼ਾਹਜ਼ਾਦੇ ਨੇ ਓਹ ਮੇਵੇ ਚਾਹੇ ਤਾਂ ਔਰੰਗੇ ਨੇ ਓਸ ਬਗ਼ੀਚੇ ਵਿੱਚ ਭੇਜ ਦਿੱਤਾ ਜਿੱਥੋਂ ਫੇਰ ਇੱਕ ਭੀ ਨਾ ਲੱਭਾ। ਏਹ ਗੁਰੂ ਜੀ ਦੀ ਸਹਜ ਭਾਵ ਦੀ ਬਰਕਤ ਦੇਖ ਕੇ ਸਭ ਹੱਕੇ ਬੱਕੇ ਹੋ ਰਹੇ। ਔਰੰਗੇ ਦੇ ਹੁਕਮ ਅਨੁਸਾਰ ਓਨ੍ਹਾਂ ਗੁਰੂ ਜੀ ਅੱਗੇ ਬੇਨਤੀ ਕੀਤੀ ਕੋਈ ਸ਼ਬਦ ਸੁਣਾਓ ਤਾਂ ਗੁਰੂ ਜੀ ਨੇ ਏਹ ਸ਼ਬਦ ਬੋਲਿਆ:

ਕਿਆ ਖਾਧੈ ਕਿਆ ਪੈਧੈ ਹੋਇ ॥
ਜਾ ਮਨਿ ਨਾਹੀ ਸਚਾ ਸੋਇ ॥
ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ ॥
ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ ॥
ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ ॥
ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ ॥੨॥

(ਵਾਰ-ਮਾਝ, ਮ: ੧ - ੧੪੨)

ਏਹੋ ਸ਼ਬਦ ਓਹ ਲਿਖ ਕੇ ਔਰੰਗੇ ਪਾਸ ਲੈ ਗਏ, ਜਿਸ ਨੂੰ ਪੜ੍ਹ ਸੁਣ ਕੇ ਓਸ ਨੇ ਗੁਰੂ ਜੀ ਦੇ ਬਚਨ ਸਭ ਸਹੀ ਸਮਝੇ।

## ਆਪਸ ਵਿੱਚ ਦੋਹਾਂ ਭਾਈਆਂ ਦੇ ਸਰਾਪ ਤੇ ਦੇਹਾਂਤ ਹੋਣਾ

ਓਸ ਸਮੇਂ ਦਿੱਲੀ ਵਿੱਚ ਹੈਜ਼ੇ ਦੀ ਬੀਮਾਰੀ ਬਹੁਤ ਕੜਕੀ ਹੋਈ ਸੀ। ਦਿਲਵਾਲੀ ਸਿਦਕੀ ਸਿੱਖ ਗੁਰੂ ਕਾ ਚਰਨਾਮ੍ਰਿਤ ਲੈ ਕੇ ਜਿਸ ਨੂੰ ਦੇਣ ਈਸ਼੍ਵਰ ਦੀ ਨੇਤ ਓਹੀ ਰਾਜ਼ੀ ਹੋ ਜਾਵੇ। ਫੇਰ ਤਾਂ ਸਾਰਾ ਸ਼ੈਹਰ ਉਲਟ ਪਿਆ। ਭਾਈ ਗੁਰਬਖ਼ਸ਼ ਨੇ ਇੱਕ ਚੁਬੱਚੇ ਵਿੱਚ ਚਰਨਾਮ੍ਰਿਤ ਛਡਿਆ। ਲੋਕ ਲੈ ਲੈ ਜਾਣ, ਨਾਲ ਕੁਛ ਦਵਾਈ ਭੀ ਦੇਂਦੇ ਜਾਣ। ਬੇਅੰਤ ਲੋਕ ਰਾਜ਼ੀ ਹੋ ਗਏ, ਜਿਸ ਕਰ ਕੇ ਗੁਰੂ ਜੀ ਦੀ ਕੀਰਤੀ ਘਰ ਘਰ ਹੋਣ ਲੱਗੀ, ਜਿਸ ਨੂੰ ਸੁਣ ਸੁਣ ਕੇ ਰਾਮਰਾਇ ਨੂੰ ਤਾਂ ਅੱਗੇ ਹੀ ਸੌਂਕਣ ਦਾ ਸੱਲ ਹੋ ਰਿਹਾ ਸੀ। ਫੇਰ ਇੱਕ ਦਿਨ ਬਾਦਸ਼ਾਹ ਦੀ ਕਚੈਹਰੀ ਵਿੱਚ ਜਦ ਓਸ ਨੇ ਗੁਰੂ ਜੀ ਦੀ ਮਹਿਮਾ ਸੁਣੀ, ਤਾਂ ਸੜ ਬਲ ਕੇ ਏਹ ਭੜਾਸ ਕੱਢੀ ਕਿ ਕੀਹ ਹੋਯਾ ਜੇ ਦੋ ਦਿਨ ਮਹਿਮਾ ਕਰ ਲੀਤੀ? ਅੰਤ ਨੂੰ ਖਾਣਾ ਤਾਂ ਸੀਤਲਾ ਦਾ ਹੀ ਹੈ। ਏਹ ਮੰਦਾ ਬਚਨ ਸੁਣ ਕੇ ਸਾਰੀ ਕਚੈਹਰੀ ਨੇ ਬੁਰਾ ਮੰਨਿਆ। ਏਹ ਬਾਤ ਜਦ ਗੁਰੂ ਸਾਹਿਬ ਜੀ ਨੇ ਸੁਣੀ ਤਾਂ ਬਚਨ ਕੀਤਾ, "ਅਸੀਂ ਤਾਂ ਏਥੇ ਗੁਰੂ ਨਾਨਕ ਜੀ ਦੇ ਹੁਕਮ ਅਨੁਸਾਰ ਜੋ ਓਨ੍ਹਾਂ ਸੱਤ ਸਿਰ ਦੇਣੇ ਕੀਤੇ ਸਨ, ਚੋਲਾ ਹੀ ਛੱਡਣ ਆਏ ਹਾਂ। ਪਰ ਰਾਮਰਾਇ ਦੀ ਭੀ ਕੋਈ ਆਸ ਨਾ ਪੂਰੀ ਹੋਊ। ਬੇਉਲਾਦ ਜੀਊਂਦਾ ਹੀ ਸੜੇਗਾ।" ਛੇਕੜ ਨੂੰ ਏਹੋ ਹੀ ਹੋਈ। ਓਸ ਨੇ ਚਾਰ ਵਿਆਹ ਕੀਤੇ ਪਰ ਉਲਾਦ ਨੂੰ ਤੇ ਗੱਦੀ ਨੂੰ ਤਰਸਦਾ ਹੀ ਮਰ ਗਿਆ। ਇੱਕ ਦਿਨ ਸਮਾਧੀ ਲਾ ਕੇ ਪਿਆ ਸੀ। ਮਸੰਦਾਂ ਨੇ ਚੁੱਕ ਕੇ ਜੀਊਂਦਾ ਹੀ ਸਾੜ ਦਿੱਤਾ। ਏਧਰ ਚੇਤ੍ਰ ਸੁਦੀ ਪੰਚਮੀ ਨੂੰ ਗੁਰੂ ਸਾਹਿਬ ਜੀ ਨੂੰ ਬੁਖਾਰ ਹੋਯਾ ਤਾਂ ਮਾਤਾ ਦਾ ਮੱਥਾ ਠਣਕਿਆ। ਗੁਰੂ ਸਾਹਿਬ ਜੀ ਪਾਲਕੀ ਪੁਰ ਸਵਾਰ ਹੋ ਕੇ ਜਿੱਥੇ ਰਾਜਾ ਜੈ ਸਿੰਘ ਦੀ ਫੌਜ ਰਿਹਾ ਕਰਦੀ ਸੀ, ਓਸ ਦੇ ਨਜ਼ੀਕ ਜਮਨਾਂ ਕਨਾਰੇ ਮੈਦਾਨ ਪਸਿੰਦ ਕਰ ਕੇ ਜਾ ਰਹੇ। ਤੰਬੂ ਕਨਾਤਾਂ ਓਸੇ ਥਾਂ ਲੱਗ ਗਏ। ਮਾਤਾ ਜੀ ਸਮੇਤ ਸਾਰਾ ਡੇਰਾ ਓਸੇ ਥਾਂ ਜਾ ਰਿਹਾ। ਰਾਜੇ ਜੈ ਸਿੰਘ ਨੂੰ ਬਾਦਸ਼ਾਹ ਨੇ ਭੇਜਿਆ ਕਿ ਗੁਰੂ ਸਾਹਿਬ ਨੂੰ ਪੁੱਛੋ ਬਾਹਰ ਕਿਉਂ ਚਲੇ ਗਏ? ਜਿਸ ਚੀਜ਼ ਦੀ ਲੋੜ ਹੋਵੇ ਸੋ ਹੁਕਮ ਕਰਨ, ਭੇਜੀ ਜਾਵੇ। ਜਿਸ ਸਮੇਂ ਹੁਕਮ ਦੇਣ ਮੈਂ ਭੀ ਦੀਦਾਰ ਕਰਾਂ। ਰਾਜਾ ਜੈ ਸਿੰਘ ਗੁਰੂ ਸਾਹਿਬ ਜੀ ਪਾਸ ਗਿਆ। ਮੱਥਾ ਟੇਕ ਕੇ ਹੱਥ ਜੋੜ ਕੇ ਬਾਦਸ਼ਾਹ ਵਲੋਂ ਸਾਰੀ ਗੱਲ ਸੁਣਾਈ ਤਾਂ ਗੁਰੂ ਸਾਹਿਬ ਜੀ ਨੇ ਆਖਿਆ, "ਏਹ ਥਾਉਂ ਅਸੀਂ ਹਮੇਸ਼ ਵਾਸਤੇ ਪਸਿੰਦ ਕੀਤੀ ਹੈ।" ਰਾਜਾ ਏਹ ਬਚਨ ਸੁਣ ਕੇ ਹੈਰਾਨ ਪਰੇਸ਼ਾਨ ਹੋ ਕੇ ਨੇਤ੍ਰ ਭਰ ਕੇ ਚਲਾ ਆਇਆ। ਬਾਦਸ਼ਾਹ ਨੇ ਤੇ ਰਾਜੇ ਨੇ ਬਥੇਰੇ ਹਕੀਮ ਤੇ ਦਵਾਈਆਂ ਭੇਜੀਆਂ ਪਰ ਗੁਰੂ ਜੀ ਨੇ ਕੋਈ ਇਲਾਜ ਨਾ ਕੀਤਾ ਕਰਾਇਆ। ਸੱਤੇਂ ਨੂੰ ਸੀਤਲਾ ਪ੍ਰਗਟ ਹੋਈ। ਤ੍ਰੌਦਸੀ ਨੂੰ ਪੰਜ ਪੈਸੇ ਇੱਕ ਨਲੇਰ ਮੰਗਾ ਕਰ ਗੁਰੂ ਗੱਦੀ ਪਰ ਧਰ ਕੇ ਮੱਥਾ ਟੇਕ ਦਿੱਤਾ ਅਤੇ ਬਚਨ ਕੀਤਾ, "ਬਾਬਾ ਬਕਾਲੇ" ਬਾਬੇ ਬੁੱਢੇ ਦੇ ਪੜੋਤ੍ਰੇ ਭਾਈ ਗੁਰਦਿੱਤੇ ਨੂੰ ਗੁਰਿਆਈ ਦਾ ਚਿਨ੍ਹ ਸੌਂਪ ਕੇ ਮਾਤਾ ਸਾਹਿਬ ਨੂੰ ਬਿਆਕੁਲ ਹੋਈ ਦੇਖ ਕਰ ਗੁਰੂ ਜੀ ਨੇ ਆਪਣੀ ਬਾਣੀ ਤੇ ਆਤਮਕ ਸ਼ਕਤੀ ਦੇ ਬਲ ਨਾਲ ਬ੍ਰਹਮ ਗਿਆਨ ਦਾ ਉਪਦੇਸ਼ ਦ੍ਰਿੜ੍ਹ ਕਰਾ ਕਰ ਓਸ ਦਾ ਸ਼ੋਕ ਮੋਹ ਦੂਰ ਕਰ ਦਿੱਤਾ। ਜਦ ਇਹ ਖ਼ਬਰ ਦਿੱਲੀ ਦੀ ਸੰਗਤ ਨੂੰ ਹੋਈ, ਤਾਂ ਇਸਤ੍ਰੀ ਪੁਰਖ ਸਭ ਹੁਮ ਹੁਮਾ ਕੇ ਗੁਰੂ ਜੀ ਦੇ ਤੰਬੂ ਅੱਗੇ ਆ ਬੈਠੇ। ਸਭ ਦੀ ਏਹੋ ਇੱਛਿਜਾ ਸੀ ਕਿ ਕਿਵੇਂ ਦਰਸ਼ਨ ਹੋਵੇ? ਤਦੋਂ ਨੂੰ ਰਾਜਾ ਭੀ ਆ ਪਹੁੰਚਿਆ। ਭਾਵੇਂ ਮਾਤਾ ਜੀ ਤਾਂ ਨਹੀਂ ਚਾਹੁੰਦੀ ਸੀ ਕਿ ਕੋਈ ਅੰਦਰ ਆਵੇ। ਪਰ ਗੁਰੂ ਜੀ ਨੇ ਪਲੰਘ ਉੱਤੇ ਬੜੀ ਸਾਵਧਾਨੀ ਨਾਲ ਬੈਠ ਕੇ ਆਪਣੇ ਸੇਵਕਾਂ ਤੇ ਰਾਜੇ ਨੂੰ ਹੁਕਮ ਦਿੱਤਾ ਕਿ ਪੰਜ ਪੰਜ ਇਸਤ੍ਰੀ ਪੁਰਖ ਅੰਦਰ ਆ ਕੇ ਦਰਸ਼ਨ ਕਰ ਕਰ ਦੂਜੇ ਪਾਸੇ ਚਲੇ ਜਾਣ। ਰਾਜੇ ਨੇ ਗੁਰੂ ਜੀ ਦੇ ਪਾਸ ਖੜੇ ਹੋ ਕੇ ਸਭ ਸੰਗਤ ਨੂੰ ਏਸੇ ਭਾਂਤ ਦਰਸ਼ਨ ਕਰਾਇਆ। ਯਥਾ ਸ਼ਕਤਿ ਸਭ ਨੇ ਪੂਜਾ ਚੜ੍ਹਾਈ। ਗੁਰੂ ਜੀ ਨੇ ਆਪਣੀ ਕ੍ਰਿਪਾ ਦ੍ਰਿਸ਼ਟੀ ਨਾਲ ਸਭ ਦੀ ਕਾਮਨਾ ਪੂਰੀ ਕੀਤੀ। ਸੰਗਤ ਨੂੰ ਵਿਦਾ ਕਰ ਕੇ ਭਾਈ ਸਨਮੁਖ, ਨੱਥੂ, ਸੁੱਖਾਨੰਦ ਰਬਾਬੀਆਂ ਨੂੰ ਕੀਰਤਨ ਤੇ ਸਿੱਖਾਂ ਨੂੰ ਰਾਤ ਜਾਗਾ ਕਰਨ ਦਾ ਹੁਕਮ ਦਿੱਤਾ। ਆਪ ਗੁਰੂ ਜੀ ਇੱਕ ਵੱਖਰਾ ਬਿਸਤਰਾ ਕਰਾ ਕੇ ਓਸ ਉੱਤੇ ਬਿਰਾਜ ਰਹੇ। ਜਦ ਡੇਢ ਪਹਿਰ ਰਾਤ ਰਹੀ ਤਾਂ

ਆਪਣੇ ਮੁਖ ਮਯੰਕ ਉੱਤੇ ਬਸਤ੍ਰ ਲੈ ਕੇ ਸਰਪ ਦੇ ਕੁੰਜ ਤਿਆਗਣ ਵਾਂਗੂੰ ਚੋਲਾ ਛੱਡ ਕੇ ਸੱਚਖੰਡ ਨੂੰ ਚਲੇ ਗਏ। ਕਹਿੰਦੇ ਹਨ ਆਕਾਸ਼ ਵਿੱਚ ਗੁਰੂ ਕੇ ਬਿਬਾਨ ਦਾ ਐਉਂ ਚਮਤਕਾਰਾ ਹੁੰਦਾ ਗਿਆ ਜਿਕੂੰ ਕੋਈ ਵੱਡੇ ਪ੍ਰਕਾਸ਼ ਵਾਲਾ ਬੁਰਜ ਅਸਮਾਨ ਪਰ ਚੜ੍ਹਦਾ ਹੈ ਤੇ ਤਾਰੇ ਭੀ ਬਹੁਤ ਟੁੱਟੇ।

ਦੂਸਰੇ ਦਿਨ ਸਾਰੀ ਸੰਗਤ ਨੇ ਮਿਲ ਕੇ ਚੰਨਣ ਦੇ ਅੰਬਾਰ ਵਿੱਚ ਗੁਰੂ ਮ੍ਰਯਾਦਾ ਨਾਲ ਗੁਰੂ ਜੀ ਦੇ ਚੋਲੇ ਦਾ ਦਾਹ ਕੀਤਾ। ਬਾਦਸ਼ਾਹ ਵੱਲੋਂ ਮੁਸਾਹਬ ਅਫ਼ਸੋਸ ਪਰਚਾਉਣੀ ਕਰਨ ਆਏ। ਰਾਜੇ ਜੈ ਸਿੰਘ ਨੇ ਸੱਤਮੀ ਪਰ ਇੱਕ ਵੱਡਾ ਭਾਰੀ ਜੱਗਜ ਗੁਰੂ ਜੀ ਦੇ ਨਮਿੱਤ ਕੀਤਾ ਤੇ ਸਮਾਧ ਬਣਵਾਈ। ਰਾਜੇ ਜੈ ਸਿੰਘ ਨੇ ਤਾਂ ਬਹੁਤ ਚਾਹਿਆ ਕਿ ਮਾਤਾ ਜੀ ਏਥੇ ਹੀ ਦਿੱਲੀ ਵਿੱਚ ਰਹਿਣ ਤੇ ਸਭ ਸੰਗਤ ਏਨ੍ਹਾਂ ਨੂੰ ਮੰਨੇ। ਪਰ ਮਾਤਾ ਜੀ ਰਹੇ ਨਾ ਆਪਣੇ ਸਪੁੱਤ੍ਰ ਨੂੰ ਦਿੱਲੀ ਦੀ ਭੇਟਾ ਕਰ ਕੇ ਬਾਕੀ ਸਮਾਜ ਸਮੇਤ ਕੀਰਤਪੁਰ ਆ ਰਹੇ।

ਏਹ ਗੁਰੂ ਅਤੀ ਸੁੰਦਰ, ਉਦਾਰ, ਸੰਤ ਸੁਭਾਵ, ਬਾਲਪੁਨੇ ਥੀਂ ਹੀ ਪੂਰਨ ਪ੍ਰਤਾਪੀ ਸਨ। ਸੰਮਤ ੧੭੧੩ ਬਿਕ੍ਰਮੀ ਸੌਣ ਵਦੀ ੧੦ ਨੂੰ ਅਵਤਾਰ ਧਾਰ ਕੇ ੫ ਸਾਲ ੨ ਮਹੀਨੇ ੧੩ ਦਿਨ ਦੇ ਗੱਦੀ ਤੇ ਬੈਠੇ, ਦੋ ਵਰਹੇ ਦੋ ਦਿਨ ਗੁਰਿਆਈ ਕਰ ਕੇ ੭ ਬਰਸ ੮ ਮਹੀਨੇ ੧੮ ਦਿਨ ਸਾਰੀ ਉਮਰ ਭੋਗ ਕੇ ਸੰਮਤ ੧੭੨੧ ਬਿਕ੍ਰਮੀ ਚੇਤ੍ਰ ਸੁਦੀ ੧੪ ਬੁਧਵਾਰ ਢਲੀ ਰਾਤ ਜੋਤੀ ਜੋਤ ਸਮਾਏ। ਦੋਹਰਾ ਏਨ੍ਹਾਂ ਦਾ ਬਾਲਾ ਜੀ ਨਾਮੇ ਦਿੱਲੀ ਜਮਨਾ ਦੇ ਕਿਨਾਰੇ ਹੈ।